Downloaded From : http://cbseportal.com

# ਉੱਤਰ-ਕੁੰਜੀ
# ANSWER KEY
## ਪੰਜਾਬੀ
## 004

SQP (2018-19)

*Time allowed : 3 hours* | *Maximum Marks : 80*

*ਸਮਾਂ ੩ ਘੰਟੇ* | *ਅੰਕ 80*

| ਪ੍ਰਸ਼ਨ | ਕੁਲ ਅੰਕ | ਅੰਕ ਵੰਡ | ਸੰਕੇਤ ਨੋਟ |
|---|---|---|---|
| 1. ਅਣਡਿੱਠਾ ਪੈਰਾ | 9 | | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ-ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਲਿਖ ਸਕਦੇ ਹਨ, ਜਿਵੇਂ ਪੈਰੇ ਵਿੱਚ ਸਤਰਾਂ ਦਿੱਤੀਆਂ ਹਨ, ਤਿਵੇਂ ਵੀ ਲਿਖ ਸਕਦੇ ਹਨ। |
| 1. ਸਿੱਖਿਆ ਸ਼੍ਰੇਣੀ ਦੇ ਕਮਰੇ ਤੱਕ ਸੀਮਤ ਨਾ ਹੋ ਕੇ ਵਿਸ਼ਾਲ ਅਰਥ ਦੱਸਦੀ ਹੈ। | | 2 | |
| 2. ਮਾਂ ਆਪਣੇ ਬੱਚੇ ਨੂੰ ਗੁਰੂ ਦਾ ਮਾਨ ਸਨਮਾਨ ਕਰਨਾ ਸਿਖਾਉਂਦੀ ਹੈ। | | 2 | |
| 3. ਨਿਪੁੰਨ ਦਾ ਅਰਥ ਹੈ— ਮੁਹਾਰਤ | | 1 | |
| ਵਿਸ਼ਾਲ ਦਾ ਅਰਥ ਹੈ—ਵੱਡਾ | | 1 | |
| 4. ਮਨੁੱਖ ਦਾ ਸਰਵਪੱਖੀ ਵਿਕਾਸ ਕਰਨਾ | | 2 | |
| 5. ਸਿੱਖਿਆ ਦਾ ਉਦੇਸ਼ | | 1 | |
| | **9** | **9** | |
| 2. ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨ ਦੇ ਉੱਤਰ ਚੈਕ ਕੀਤੇ ਜਾਣ। | 6 | | |
| 1. ਮਾਂ ਨੂੰ, ਜਨਮ ਦਾਤੀ ਹੈ | | 2 | |
| 2. ਲੇਖਕਾਂ, ਸ਼ਾਇਰਾਂ, ਕਵੀਆਂ | | 2 | |
| 3. ਸਾਰੀ ਦੁਨੀਆਂ | | 2 | |
| | **6** | **6** | |
| 3. ਵਿਆਕਰਨ | 2 | | |
| ਸਮਾਸੀ ਸ਼ਬਦ | | | |
| 1. ਜਮੀਨ-ਅਸਮਾਨ | | 1 | |
| 2. ਰਸ-ਭਰੀ | | 1 | |
| | **2** | **2** | |

(Ans Key X[th] 2018-19)

Downloaded From : http://cbseportal.com COURTESY : CBSE

Downloaded From : http://cbseportal.com

| | | | |
|---|---|---|---|
| 4. ਬਹੁਅਰਥਕ ਸ਼ਬਦ<br>1. ਢੰਗ<br>2. ਥੋੜ੍ਹਾ ਆਰਾਮ<br>3. ਸੂਰਮਾ-ਸੂਰਬੀਰ | 3<br><br><br><br>3 | <br>1<br>1<br>1<br>3 | |
| 5. ਵਿਸਰਾਮ ਚਿੰਨ੍ਹ ਲਗਾਓ<br>(1) ਤੂੰ ਬਜ਼ਾਰ ਜਾ ਕੇ ਸਮਾਨ ਲੈ ਆ।<br>(2) ਕਾਸ਼! ਮੈਂ ਵੀ ਕਰੋੜਪਤੀ ਹੁੰਦਾ।<br>(3) 'ਹਾਏ ਰੱਬਾ! ਇਹ ਕੀ ਭਾਣਾ ਵਰਤਿਆ ਹੈ?' | 3<br><br><br><br>3 | <br>1<br>1<br>1<br>3 | ਦੇਖਿਆ ਜਾਵੇ ਕਿ ਵਿਦਿਆਰਥੀ ਨੇ ਉਚਿਤ ਥਾਂਵਾਂ ਤੇ ਢੁਕਵੇਂ ਵਿਸਰਾਮ ਚਿੰਨ੍ਹ ਲਗਾਏ ਹਨ। ਉਸਦੇ ਅਨੁਸਾਰ ਅੰਕ ਦਿੱਤੇ ਜਾਣ। |
| 6. ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ<br>1. ਚੁਗਲੀ ਲਾਣੀ<br>2. ਕੰਮ ਔਖ-ਸੌਖੇ ਕਰਨਾ, ਗਲੋਂ ਲਾਹੁਣਾ<br>3. ਜਾਨ ਦੀ ਪਰਵਾਹ ਨਾ ਕਰਨਾ | 3<br><br><br><br>3 | <br>1<br>1<br>1<br>3 | ਜੇਕਰ ਵਿਦਿਆਰਥੀ ਵਾਕ ਵਿੱਚ ਅਰਥ ਨਹੀਂ ਦਸਦਾ ਪਰ ਵਾਕ ਸਹੀ ਲਿਖਦਾ ਹੈ ਤਾਂ ਸਹੀ ਉੱਤਰ ਹੋਣ ਤੇ ਪੂਰੇ ਅੰਕ ਦਿੱਤੇ ਜਾਣ। |
| 7. ਅਗੇਤਰ<br>'ਖੁਸ਼' ਅਤੇ 'ਸਵੈ' ਅਗੇਤਰ ਲਾ ਕੇ ਦੋ ਦੋ ਸ਼ਬਦ ਬਣਾਓ—<br>1. ਖੁਸ਼ਕਿਸਮਤ, ਖੁਸ਼ਨਸੀਬ<br>2. ਸਵੈ-ਜੀਵਨੀ, ਸਵੈ-ਮਾਣ | 2<br><br><br><br>2 | <br><br><br>1<br>1<br>2 | ਵਿਦਿਆਰਥੀ 'ਖੁਸ਼' ਅਤੇ 'ਸਵੈ' ਦੇ ਹੋਰ ਢੁਕਵੇਂ ਸ਼ਬਦ ਵੀ ਬਣਾ ਸਕਦੇ ਹਨ। |
| . 'ਆਲਾ' ਅਤੇ 'ਮੰਦ' ਪਿਛੇਤਰ ਲਾ ਕੇ ਦੋ-ਦੋ<br>1. ਪੁਸਤਕਾਲਾ, ਹਿਮਾਲਾ<br>2. ਅਕਲਮੰਦ, ਸਿਹਤਮੰਦ | 2<br><br><br>2 | <br>1<br>1<br>2 | ਵਿਦਿਆਰਥੀ 'ਆਲਾ' ਅਤੇ 'ਮੰਦ' ਦੇ ਇਹਨਾਂ ਤੋਂ ਇਲਾਵਾ ਵੀ ਹੋਰ ਸ਼ਬਦ ਲਿਖ ਸਕਦੇ ਹਨ। |
| . ਪੜ੍ਹਾਈ ਵਿੱਚ ਖੇਡਾਂ ਦਾ ਸਥਾਨ<br>1. ਭੂਮਿਕਾ — ਇਹ ਵਿਸ਼ਵ ਵਿਆਪੀ ਸੱਚ ਹੈ ਕਿ ਅਰੋਗ ਮਨ ਅਰੋਗ ਸ਼ਰੀਰ ਵਿੱਚ ਹੀ ਹੋ ਸਕਦਾ ਹੈ। ਵਿੱਦਿਆ ਦਾ ਅਰਥ ਕੇਵਲ ਕਿਤਾਬੀ ਗਿਆਨ ਹਾਸਲ ਕਰਨਾ ਹੀ ਨਹੀਂ ਸਗੋਂ ਵਿਦਿਆ ਮਨੁੱਖ ਨੂੰ ਬੁੱਧੀਮਾਨ, ਅਰੋਗ ਤੇ ਸਦਾਚਾਰੀ ਬਣਾਉਂਦੀ ਹੈ...। | 10 | <br>2 | |



Downloaded From : http://cbseportal.com COURTESY : CBSE

Downloaded From : http://cbseportal.com

| | | |
|---|---|---|
| 2. ਸਦਾਚਾਰਕ ਗੁਣ ਪੈਦਾ ਕਰਨਾ – ਖੇਡਾਂ ਮਨੁੱਖ ਵਿੱਚ ਸਦਾਚਾਰਕ ਗੁਣ ਵੀ ਪੈਦਾ ਕਰਦੀਆਂ ਹਨ ਜਿਸ ਦੀ ਪਾਲਣਾ ਹਰ ਇੱਕ ਵਿਦਿਆਰਥੀ ਨੂੰ , ਕਰਨੀ ਪੈਂਦੀ ਹੈ। ਜਿਸ ਕਾਰਣ ਉਹ ਅਨੁਸ਼ਾਸਨ ਵਿੱਚ ਬੱਝ ਜਾਂਦਾ ਹੈ। ਇਸ ਤੋਂ ਇਲਾਵਾ ਸਹਿਣਸ਼ੀਲਤਾ, ਦ੍ਰਿੜਤਾ ਗੁਣ ਵੀ ਆਪਣੇ ਆਪ ਹੀ ਆ ਜਾਂਦੇ ਹਨ। | 2 | |
| 3. ਵਿਹਲ ਦੀ ਉਚਿਤ ਵਰਤੋ–ਕਈ ਵਾਰ ਕਿਤਾਬੀ ਪੜ੍ਹਾਈ ਪੜ੍ਹ ਪੜ੍ਹ ਕੇ ਵਿਦਿਆਰਥੀ ਅੱਕ ਤੇ ਥੱਕ ਜਾਂਦੇ ਹਨ, ਉਹਨਾਂ ਨੂੰ ਕੁੱਝ ਮਨੋਰੰਜਨ ਦੀ ਲੋੜ ਪੈਂਦੀ ਹੈ ਉਸ ਸਮੇਂ ਵਿੱਚ ਉਹ ਆਪਣੀ ਕੋਈ ਵੀ ਮਨਪਸੰਦ ਖੇਡ ਖੇਡ ਸਕਦੇ ਹਨ...। | 2 | |
| 4. ਮਨੁੱਖੀ ਜੀਵਨ ਵੀ ਇੱਕ ਖੇਡ ਹੈ–ਵੈਸੇ ਮਨੁੱਖੀ ਜੀਵਨ ਵਿੱਚ ਖੇਡ ਦੇ ਮੈਦਾਨ ਵਾਂਗ ਹੀ ਜੂਝਣਾ ਪੈਂਦਾ ਹੈ। ਜ਼ਿੰਦਗੀ ਦੇ ਮੈਦਾਨ ਵਿੱਚ ਜੋ ਡਰ ਗਿਆ ਸੋ ਮਰ ਗਿਆ ਵਾਲੀ ਗੱਲ ਹੁੰਦੀ ਹੈ।...ਮੁਸੀਬਤ ਵੇਲੇ ਦੁਖ ਸਹਿਣਾ ਅਤੇ ਖੁਸ਼ੀ ਮੌਕੇ ਆਪੇ ਤੋਂ ਬਾਹਰ ਹੋਣਾ ਵੀ ਖੇਡਾਂ ਹੀ ਸਿਖਾਉਂਦੀਆਂ ਹਨ। | 2 | |
| 5. ਸਿੱਟਾ – ਸੋ ਸਿੱਟਾ ਇਹ ਹੈ ਕਿ ਹਰ ਵਿਦਿਆਰਥੀ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹੀਦਾ ਹੈ...ਖੇਡਾਂ ਨਾਲ ਸਰੀਰ ਚੁਸਤ-ਫੁਰਤ ਵੀ ਰਹਿੰਦਾ ਹੈ...ਆਦਿ। 10 | 2<br>10 | |
| 2. **ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ**<br>1. ਭੂਮਿਕਾ– ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਉਚਾਰੀ ਗਈ ਤੁਕ 'ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ' ਤੋਂ ਭ ਾਵ ਮਿੱਠਾ ਬੋਲਣਾ ਅਤੇ ਨੀਵਾਂ ਚੱਲਣਾ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਸਾਰ–ਤੱਤ ਹੈ। ਇਹ ਸਾਰੇ ਗੁਣਾਂ ਦਾ ਮੂਲ ਹੈ। ਪਰਮਾਤਮਾ ਦੀ ਪ੍ਰਾਪਤੀ ਵੀ ਉਸੇ ਮਨੁੱਖ ਨੂੰ ਹੁੰਦੀ ਹੈ ਜੋ ਕਿਸੇ ਨੂੰ ਕੌੜਾ ਨਹੀਂ ਬੋਲਦਾ ਭਾਵ ਕਿਸੇ ਦਾਦਿਲ ਨਹੀਂ ਦੁਖਾਉਂਦਾ। | 2 | |





Downloaded From : http://cbseportal.com COURTESY : CBSE

Downloaded From : http://cbseportal.com

| | | |
|---|---|---|
| 2. ਕੌੜਾ ਬੋਲਣ ਦੇ ਨਤੀਜੇ— ਗੁਰੂ ਸਾਹਿਬ ਫਰਮਾਉਂਦੇ ਹਨ ਕਿ ਮਿੱਠਾ ਬੋਲਣ ਵਾਲੇ ਨੂੰ ਹਰ ਕੋਈ ਗਲੇ ਲਾਉਂਦਾ ਹੈ ਅਤੇ ਕੌੜਾ ਬੋਲਣ ਵਾਲੇ ਨੂੰ ਕੋਈ ਲਾਗੇ ਵੀ ਨਹੀਂ ਲੱਗਣ ਦਿੰਦਾ। ਮਿੱਠਾ ਬੋਲਣ ਵਾਲਾ ਮਨੁੱਖ ਹਮੇਸ਼ਾ ਫਾਇਦੇ ਵਿੱਚ ਰਹਿੰਦਾ ਹੈ। | 2 | |
| 3. ਮਿੱਠਾ ਬੋਲਣ ਦਾ ਪ੍ਰਭਾਵ— ਮਿੱਠਾ ਬੋਲਣ ਵਾਲਾ ਵਿਅਕਤੀ ਕਦੇ ਵੀ ਧੋਖਾ ਨਹੀਂ ਖਾਂਦਾ ਉਹ ਹਮੇਸ਼ਾ ਫਾਇਦੇ ਵਿੱਚ ਰਹਿੰਦਾ ਹੈ ਕਿਉਂਕਿ ਮਿੱਠਾ ਬੋਲਣ ਵਿੱਚ ਕੋਈ ਮੁੱਲ ਨਹੀਂ ਲੱਗਦਾ। ਮਿੱਠਾ ਬੋਲਣ ਦੀ ਉਦਾਹਰਨ ਇਕ ਕਾਂ ਤੇ ਕੋਇਲ ਦੁਆਰਾ ਦਿੱਤੀ ਜਾ ਸਕਦਾ ਹੈ। | 2 | |
| 4. ਮਿਠਾਸ ਤੋਂ ਬਿਨਾਂ ਗਿਆਨ ਵਿਅਰਥ— ਕੋਈ ਮਨੁੱਖ ਭਾਵੇਂ ਕਿੰਨਾਂ ਵੀ ਵਿਦਵਾਨ ਕਿਉਂ ਨਾ ਹੋਵੇ, ਕਿੰਨਾ ਵੀ ਮਹਾਨ ਕਿਉਂ ਨਾ ਹੋਵੇਜੇ ਉਸ ਵਿੱਚ ਮਿਠਾਸ ਨਹੀਂ ਤਾਂ ਸਭ ਕੁਝ ਵਿਅਰਥ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਤੱਕੜੀ ਦੇ ਜਿਸ ਪਲੜੇ ਵਿਚ ਅਸੀਂ ਚੀਜ਼ ਪਾ ਕੇ ਤੋਲਦੇ ਹਾਂ ਉਹ ਪਾਸਾ ਨੀਵਾਂ ਹੁੰਦਾ ਹੈ ਭਾਵ ਕਿ ਜਿਹੜਾ ਵਿਅਕਤੀ ਗੁਣਾਂ ਨਾਲ ਭਰਪੂਰ ਹੋਵੇਗਾ, ਉਸ ਵਿੱਚ ਨਿਮਰਤਾ ਹੋਵੇਗੀ। | 2 | |
| 5. ਸਿੱਟਾ— ਜਿਹੜੇ ਮਨੁੱਖ ਇਹਨਾਂ ਗੁਣਾਂ ਨੂੰ ਧਾਰਨ ਕਰ ਲੈਂਦੇ ਹਨ ਨਿਰਸੰਦੇਹ ਦੁਨੀਆਂ ਵਿੱਚ ਹਰ ਥਾਂ ਤੇ ਇੱਜ਼ਤ ਮਾਣ ਪਾ ਸਕਦੇ ਹਾਂ। ਇਹੋ ਜਿਹੇ ਗੁਣ ਧਾਰਨ ਕਰਨ ਵਾਲਾ ਵਿਅਕਤੀ ਨਾ ਕੇਵਲ ਵਿਅਕਤੀਗਤ ਜੀਵਨ ਨੂੰ ਸਫਲ ਬਣਾ ਸਕਦਾ ਹੈ। | 2 | |



Downloaded From : http://cbseportal.com COURTESY : CBSE

Downloaded From : http://cbseportal.com

| | | | |
|---|---|---|---|
| 10. ਲਾਊਡ ਸਪੀਕਰਾਂ ਦੀ ਦੁਰਵਰਤੋਂ ਬਾਰੇ ਸੰਪਾਦਕ ਨੂੰ ਪੱਤਰ | 8 | | |
| ਪ੍ਰੀਖਿਆ ਭਵਨ<br>.........ਕੇਂਦਰ,<br>.........ਸ਼ਹਿਰ,<br>ਮਿਤੀ। | | | |
| ਸੇਵਾ ਵਿਖੇ<br>ਸੰਪਾਦਕ<br>.................... | 2 | ਆਰੰਭ | |
| ਵਿਸ਼ਾ –<br>......................................<br>......................................<br>...................................... | | 4 | |
| ਧੰਨਵਾਦ<br>ਆਪ ਜੀ ਦਾ ਸ਼ੁੱਭਚਿੰਤਕ/ਹਿਤੂ<br>ਵਿਸ਼ਵਾਸ਼ਪਾਤਰ<br>ੳ, ਅ, ੲ | | 2 | |
| ਪ੍ਰੀਖਿਆ ਭਵਨ<br>.....ਸ਼ਹਿਰ<br>ਮਿਤੀ।<br>ਸੇਵਾ ਵਿਖੇ<br>ਮੈਨੇਜਰ<br>ਰਮਨ ਬੇਕਰੀ<br>ਵਿਸ਼ਾ –<br>..............................<br>.............................. | | | |





Downloaded From : http://cbseportal.com COURTESY : CBSE

Downloaded From : http://cbseportal.com

| | | | |
|---|---|---|---|
| ........................... | | | |
| ਧੰਨਵਾਦ ਆਪ ਜੀ ਦਾ ਸ਼ੁੱਭਚਿੰਤਕ/ਹਿਤੂ | | | |
| ਵਿਸ਼ਵਾਸ਼ਪਾਤਰ | | | |
| ੳ, ਅ, ੲ | 8 | 8 | |
| **11. ਕਾਰ ਖਰੀਦਣ ਦੇ ਚਾਹਵਾਨ ਸੰਪਰਕ ਕਰਨ** | 7 | | |
| ਇਸ਼ਤਿਹਾਰ ਲਈ ਬਣਿਆ ਬਾਕਸ ਜਾਂ ਹੱਦਬੰਦੀ | | 1 | |
| ਸਿਰਲੇਖ/ਦਿਲਚਸਪ ਵਿਸ਼ਾ ਸਮੱਗਰੀ | | 1 | |
| ਆਪਣੀ ਕਾਰ, ਆਪਣੀ ਸ਼ਾਨ | | 4 | |
| ਨਾਮ, ਫੋਨ ਨੰਬਰ/ਪਤਾ | | | |
| ੳ, ਅ, ੲ | | 1 | |
| | 7 | 7 | |
| 2. ਹੇਠਾਂ ਦਿਤੀ ਤਸਵੀਰ ਨੂੰ ਪਛਾਣੋ ਅਤੇ 50 ਸ਼ਬਦਾਂ ਦਾ ਨੋਟ ਲਿਖੋ | | | ਤਸਵੀਰ ਨੂੰ ਦੇਖ ਕੇ ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਲਿਖੇਗਾ। ਵਿਸ਼ੇ ਨਾਲ ਸੰਬੰਧਤ ਹੋਣ ਤੇ ਵਿਦਿਆਰਥੀ ਨੂੰ ਬਣਦੇ ਅੰਕ ਦਿੱਤੇ ਜਾਣ। |
| **12. ਪਾਠ ਪੁਸਤਕਾਂ ਤੇ ਅਧਾਰਿਤ ਪ੍ਰਸ਼ਨ** | 4 | | |
| 1. ਰਜਨੀ ਨੂੰ ਪੋਲੀਓ ਦੀ ਬਿਮਾਰੀ ਸੀ। | | 1 | |
| 2. ਨਹੀਂ, ਉਹ ਇਮਤਿਹਾਨ ਵਿੱਚ ਪਹਿਲੇ ਨੰਬਰ ਤੇ ਆਈ ਸੀ। | | 1 | |
| 3. ਚਾਹ ਵਿੱਚ ਥਏਨੀਨ ਤੱਤ ਮੌਜੂਦ ਹੁੰਦਾ ਹੈ। | | 1 | |
| 4. ਹਉਮੈ ਨੂੰ ਵੱਸ ਵਿੱਚ ਰੱਖਣਾ। | | 1 | |
| | 4 | 4 | |
| **13. 30 ਤੋਂ 40 ਸ਼ਬਦਾਂ ਵਿੱਚ ਉੱਤਰ** | 12 | | |
| 1. ਸਕੂਲ ਦੇ ਸਲਾਨਾ ਸਮਾਗਮ ਵਿੱਚ ਰਜਨੀ ਨੂੰ ਸਨਮਾਨਤ ਕੀਤਾ ਗਿਆ ਸੀ ਕਿਉਂਕਿ ਉਸਨੇ ਬੜੀ ਹੀ ਬਹਾਦਰੀ ਨਾਲ ਕਲਾਸ ਵਿੱਚ ਆਏ ਹੋਏ ਸੱਪ ਨੂੰ ਫੜ ਲਿਆ ਸੀ। | | 2 | |



Downloaded From : http://cbseportal.com COURTESY : CBSE

Downloaded From : http://cbseportal.com

| | | |
|---|---|---|
| 2. ਇਹ ਸਿੱਖਿਆ ਮਿਲਦੀ ਹੈ ਕਿ ਕਿਸੇ ਵਸਤੂ ਦੀ ਲੋੜ ਤੋਂ ਵੱਧ ਵਰਤੋਂ ਸਿਹਤ ਲਈ ਬਹੁਤ ਹਾਨੀਕਾਰਕ ਹੁੰਦੀ ਹੈ...ਇਸ ਤੋਂ ਇਲਾਵਾ ਇਹ ਕਿ ਬੱਚਿਆਂ ਨੂੰ ਮਾਪਿਆਂ ਦਾ ਕਹਿਣਾ ਮੰਨਣਾ ਚਾਹੀਦਾ ਹੈ। | | 2 |
| 3. ਵੰਦਨਾਂ ਪੌਦਿਆਂ ਨੂੰ ਪਾਣੀ ਦੇਣ ਲਈ ਤਿਆਰ ਹੋ ਗਈ ਕਿਉਂਕਿ ਜਦੋਂ ਉਸਨੇ ਦੇਖਿਆ ਕਿ ਪਾਣੀ ਤੋਂ ਬਿਨਾਂ ਪੌਦੇ ਸੁੱਕ ਗਏ ਹਨ ਤਾਂ ਵੰਦਨਾ ਦਾ ਮਨ ਪਸੀਜ ਗਿਆ ਤੇ ਉਹ ਆਪ ਮੁਹਾਰੇ ਕਹਿ ਉਠੀ, 'ਓਹ ਤਾਂ ਹੈ ਈ ਇਹੋ ਜੇ, ਪਰ ਸਾਡੀ ਲੜਾਈ ਤਾਂ ਉਹਨਾਂ ਨਾਲ ਹੈ ਪਲਾਂਟਸ ਨਾਲ ਨਹੀਂ।' | | 2 |
| 4. ਬੀਬੀ ਭਾਨੀ ਜੀ ਦੇ ਪਿਤਾ ਦਾ ਨਾਂ ਸ੍ਰੀ ਗੁਰੂ ਅਮਰਦਾਸ ਜੀ ਸੀ ਤੇ ਇਹ ਸਿੱਖਾਂ ਦੇ ਤੀਜੇ ਗੁਰੂ ਸਨ। ਇਹਨਾਂ ਦੇ ਪਤੀ ਦੇ ਨਾਂ ਗੁਰੂ ਰਾਮਦਾਸ ਸੀ ਤੇ ਇਹ ਸਿੱਖਾਂ ਦੇ ਚੌਥੇ ਗੁਰੂ ਸਨ। ਇਹਨਾਂ ਦੇ ਪੁੱਤਰ ਦਾ ਨਾਂ ਗੁਰੂ ਅਰਜਨ ਦੇਵ ਸੀ ਤੇ ਇਹ ਸਿੱਖਾਂ ਦੇ ਪੰਜਵੇਂ ਗੁਰੂ ਸਨ ਤੇ ਇਹਨਾਂ ਦੇ ਪੋਤਰੇ ਦਾ ਨਾਂ ਗੁਰੂ ਹਰਿਗੋਬਿੰਦ ਸਾਹਿਬ ਸੀ ਤੇ ਇਹ ਸਿੱਖਾਂ ਦੇ ਛੇਵੇਂ ਗੁਰੂ ਸਨ। | | 2 |
| 5. ਮਿਲਖਾ ਸਿੰਘ ਹੋਰੀਂ ਅੱਠ ਭੈਣ-ਭਰਾ ਸਨ। ਮਾਤਾ ਪਿਤਾ ਦਾ ਸਾਇਆ ਬਚਪਨ ਵਿੱਚ ਉਠ ਜਾਣ ਕਾਰਨ ਇਨ੍ਹਾਂ ਦਾ ਪਾਲਣ-ਪੋਸ਼ਣ ਇੰਨਾਂ ਦੀ ਵੱਡੀ ਭੈਣ ਨੇ ਕੀਤਾ ਸੀ। | | 2 |
| 6. ਡਾਕਟਰ ਕਲਾਮ ਤਿਆਗ ਦੀ ਮੂਰਤ ਸਨ। ਉਹਨਾਂ ਨੇ ਵਿਆਹ ਨਾ ਕਰਵਾ ਕੇ ਸਾਰੀ ਜ਼ਿੰਦਗੀ ਦੇਸ਼ ਦੇ ਲੇਖੇ ਲਾਈ, ਉਹਨਾਂ ਦੀ ਰਹਿਣੀ-ਬਹਿਣੀ ਸਾਦੀ ਸੀ, ਉਨ੍ਹਾਂ ਨੂੰ ਗਰੀਬਾਂ ਦਾ ਮਸੀਹਾ ਕਿਹਾ ਜਾਂਦਾ ਸੀ...ਆਦਿ। | | 2 |
| | 12 | 12 |



Downloaded From : http://cbseportal.com COURTESY : CBSE

Downloaded From : http://cbseportal.com

14. 'ਸੰਗੀਤਕ ਬੁੱਧੀ'
ਸੰਗੀਤਕ ਬੁੱਧੀ ਵਿਅਕਤੀ ਵਿੱਚ ਮਾਨਸਿਕ ਤੇ, ਸਮਾਜਕ ਤੌਰ ਤੇ ਨਿਖਾਰ ਲਿਆ ਸਕਦੀ ਹੈ। ਇਸ ਬੁੱਧੀ ਦਾ ਸੰਬੰਧ ਵਿਅਕਤੀ ਦੀ ਸੰਗੀਤਕ ਰੁਚੀ ਅਤੇ ਕਾਬਲੀਅਤ ਨਾਲ ਹੈ। ਜੇਕਰ ਕਿਸੇ ਨੂੰ ਸੰਗੀਤਕ ਧੁਨਾਂ ਆਪਣੇ ਵੱਲ ਪ੍ਰਭਾਵਿਤ ਕਰਦੀਆਂ ਹਨ ਜਾਂ ਕੋਈ ਪ੍ਰਤਿਭਾ ਨੂੰ ਸੰਗੀਤ ਰਾਹੀਂ ਬਾਖੂਬੀ ਪ੍ਰਗਟ ਕਰ ਸਕਦਾ ਹੋਵੇ ਤਾਂ ਉਨ੍ਹਾਂ ਦੀਆਂ ਆਦਤਾਂ ਤੇ ਰੁਚੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਉਹ ਰੋਜ਼ਾਨਾਂ ਦੇ ਕਾਰ-ਵਿਹਾਰ ਦੌਰਾਨ ਆਪ-ਮੁਹਾਰੇ, ਡੱਬੇ ਜਾਂ ਮੇਜ਼ ਤੇ ਕੋਈ ਨਾ ਕੋਈ ਤਾਲ ਛੇੜਦਾ ਰਹਿੰਦਾ ਹੈ। ਮਨੁੱਖ ਨੂੰ ਪੰਛੀਆਂ, ਪੱਤਿਆਂ ਤੇ ਝਰਨਿਆਂ ਵਿਚੋਂ ਵੀ ਮਧੁਰ ਸੰਗੀਤ ਸੁਣਾਈ ਦਿੰਦਾ ਹੈ।

ਜਾਂ

'ਗੁੰਮ ਨੇ ਰਸੋਈ ਵਿੱਚੋਂ'
ਇਸ ਗਜ਼ਲ ਵਿੱਚ ਪੱਛਮੀ ਪ੍ਰਭਾਵ ਕਾਰਣ ਸਾਡੇ ਜੀਵਨ ਤੇ ਸਭਿਆਚਾਰ ਵਿੱਚ ਆਈ ਤਬਦੀਲੀ ਨੂੰ ਪ੍ਰਗਟਾਇਆ ਗਿਆ ਹੈ। ਇਸ ਇਸ ਕਾਰਨ ਸਾਡਾ ਰਹਿਣ ਸਹਿਣ, ਖਾਣ ਪੀਣ ਅਤੇ ਪਹਿਰਾਵਾ ਬਦਲ ਗਿਆ ਹੈ। ...ਪੱਛਮੀ ਸੱਭਿਆਚਾਰ ਦੀ ਨਕਲ ਕਾਰਨ ਅਸੀਂ ਆਪਣੇ ਵਿਰਸੇ ਤੋਂ ਦੂਰ ਹੋ ਗਏ ਹਾਂ ਅਤੇ ਆਧੁਨਿਕ ਉਪਕਰਨਾਂ ਦੇ ਮੁਥਾਜ ਹੋ ਗਏ ਹਾਂ। 5 5

15. ਇਕਾਂਗੀ 'ਬੇਬੇ ਰਾਮ ਭਜਨੀ' ਦੇ ਪਾਤਰ ਚਰਿੱਤਰ
ਪੁਰਾਣੇ ਵਿਚਾਰਾਂ ਵਾਲੀ, ਅੰਧ ਵਿਸ਼ਵਾਸ ਵਾਲੀ ਤੇ ਧਾਰਮਿਕ ਬਿਰਤੀਆਂ ਵਾਲੀ ਇਸਤਰੀ—ਅਨਪੜ੍ਹ ਇਸਤਰੀ ਹੈ। ਘਰ ਵਿੱਚ ਬੱਚੇ ਦੀ ਮੌਤ ਉਸ ਨੂੰ ਧਾਰਮਿਕ ਭਾਵਨਾ ਨਾਲ ਜੋੜ ਲੈਂਦੀ ਹੈ— ਪਰਵਾਰਕ ਜੀਵਨ ਸੁਖਾਵਾਂ ਨਹੀਂ ਹੈ। ਪਤੀ ਜੁਆਰੀਆ ਤੇ ਸ਼ਰਾਬੀ ਹੈ। ਉਸ ਨੇ ਸਾਰਾ ਘਰ ਜੂਏ ਤੇ ਸ਼ਰਾਬ ਵਿੱਚ ਤਬਾਹ ਕਰ ਦਿੱਤਾ ਹੈ। ਇਸ ਕਾਰਣ ਉਹ ਦੁਨੀਆਂ ਤੋਂ ਬੇਮੁਖ ਹੋ ਗਈ ਹੈ। ਉਹ ਪਾਂਧੇ ਅਤੇ ਸਾਧੂ ਨੂੰ ਘਰ ਬੁਲਾ ਕੇ ਸਾਰੀਆਂ ਵਸਤਾਂ ਦਾਨ ਕਰ ਦਿੰਦੀ ਹੈ। ਪਰ ਦਾਨ ਦੇਣ ਤੋਂ ਬਾਅਦ ਪਛਤਾਉਂਦੀ ਵੀ ਹੈ ਕਿਉਂਕਿ ਉਹ ਪਾਂਧੇ



Downloaded From : http://cbseportal.com COURTESY : CBSE

Downloaded From : http://cbseportal.com

| | | | |
|---|---|---|---|
| ਦੇ ਪੁੱਤਰ ਨੂੰ ਵੀ ਜੂਆ ਖੇਡਦੇ ਵੇਖ ਲੈਂਦੀ ਹੈ।<br><br>ਜਾਂ<br>'ਬੇਬੇ ਰਾਮ ਭਜਨੀ' ਦਾ ਵਿਸ਼ਾ-ਵਸਤੂ<br>ਇਹ ਇਕਾਂਗੀ ਈਸ਼ਵਰ ਚੰਦਰ ਨੰਦਾ ਦੀ ਲਿਖੀ ਹੋਈ ਹੈ। ਇਸ ਵਿੱਚ ਇੱਕ ਪਾਸੇ ਦਾਨ ਪੁੰਨ ਨਾਲ ਜੁੜੇ ਵਹਿਮਾਂ-ਭਰਮਾਂ ਰਾਹੀਂ ਸਵਾਰਥ ਪੂਰਾ ਕਰਨ ਵਾਲੇ ਲੋਕਾਂ ਦੀ ਪੋਲ ਖੋਲੀ ਗਈ ਹੈ....। ਦੂਜੇ ਪਾਸੇ ਸ਼ਰਾਬ ਅਤੇ ਜੂਏ ਬਾਜ਼ੀ ਵਰਗੀਆਂ ਸਮਾਜਿਕ ਬੁਰਾਈਆਂ ਤੇ ਰੋਸ਼ਨੀ ਪਾਈ ਜਾਂਦੀ ਹੈ। | | | |
| | 4 | 4 | |



Downloaded From : http://cbseportal.com COURTESY : CBSE